BRITISH COLUMBIA

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੁਰਮਾਂ ਦੇ ਪੀੜਿਤਾਂ ਲਈ ਰਿਸਟੋਰੇਟਿਵ ਜਸਟਿਸ ਪਹੁੰਚਾਂ

ਜਦੋਂ ਕੋਈ ਜੁਰਮ ਜਾਂ ਹਿੰਸਾ ਹੁੰਦੇ ਹਨ ਤਾਂ ਜਿਨ੍ਹਾਂ ਨੂੰ ਨੁਕਸਾਨ ਹੋਇਆ ਹੁੰਦਾ ਹੈ, ਉਹ ਵੱਖ ਵੱਖ ਪੱਧਰਾਂ ਦਾ ਭੰਬਲਭੂਸਾ, ਘਾਟਾ, ਡਰ, ਚਿੰਤਾ ਅਤੇ ਇੱਥੋਂ ਤੱਕ ਕਿ ਆਪਣਾ ਕਸੂਰ ਮਹਿਸੂਸ ਕਰ ਸਕਦੇ ਹਨ। ਪੀੜਿਤਾਂ ਕੋਲ ਸਵਾਲ ਹੋ ਸਕਦੇ ਹਨ ਜਿਵੇਂ ਕਿ, "*ਕਿਸ ਕਿਸਮ ਦਾ ਵਿਅਕਤੀ ਅਜਿਹਾ ਕਰੇਗਾ?*", "*ਇਹ ਮੇਰੇ ਨਾਲ ਹੀ ਕਿਉਂ ਹੋਇਆ ਹੈ?*", ਜਾਂ "*ਮੈਂ ਇਹ ਕਿਸੇ ਹੋਰ ਨਾਲ ਹੋਣ ਤੋਂ ਰੋਕਥਾਮ ਕਿਵੇਂ ਕਰ ਸਕਦਾ ਹਾਂ?*" ਅਦਾਲਤੀ ਸਿਸਟਮ ਸ਼ਾਇਦ ਇਨ੍ਹਾਂ ਭਾਵਨਾਵਾਂ ਨੂੰ ਘੱਟ ਕਰਨ ਵਿਚ ਮਦਦ ਕਰਨ ਦੇ ਯੋਗ ਨਾ ਹੋ ਸਕੇ ਜਾਂ ਪੀੜਿਤਾਂ ਲਈ ਇਨ੍ਹਾਂ ਸਵਾਲਾਂ ਦੇ ਜਵਾਬ ਨਾ ਦੇ ਸਕੇ, ਇਸ ਕਰਕੇ ਜੁਰਮਾਂ ਤੋਂ ਕੁਝ ਪੀੜਿਤ ਆਪਣੇ ਲਈ ਮਦਦ ਦੀਆਂ ਚੋਣਾਂ ਬਾਰੇ ਜਾਣਨ ਵਿਚ ਦਿਲਚਸਪੀ ਰੱਖਦੇ ਹੋ ਸਕਦੇ ਹਨ, ਜਿਸ ਵਿਚ ਰਿਸਟੋਰੇਟਿਵ ਜਸਟਿਸ ਪ੍ਰੋਸੈਸ (ਠੀਕ ਹੋਣ ਲਈ ਇਨਸਾਫ ਦਾ ਕਾਰਜ) ਵੀ ਸ਼ਾਮਲ ਹੈ।

### ਰਿਸਟੋਰੇਟਿਵ ਜਸਟਿਸ ਕੀ ਹੈ?

ਰਿਸਟੋਰੇਟਿਵ ਜਸਟਿਸ ਅਜਿਹਾ ਕਾਰਜ ਕਰਕੇ ਜੁਰਮ ਅਤੇ ਹਿੰਸਾ ਨਾਲ ਹੋਏ ਨੁਕਸਾਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਹੜਾ ਪੀੜਿਤਾਂ ਦੀਆਂ ਲੋੜਾਂ ਦਾ ਹੱਲ ਕਰਦਾ ਹੈ ਅਤੇ ਅਪਰਾਧੀ ਨੂੰ ਆਪਣੇ ਐਕਸ਼ਨਾਂ ਲਈ ਅਰਥਭਰਪੂਰ ਤਰੀਕੇ ਨਾਲ ਜ਼ਿੰਮੇਵਾਰ ਠਹਿਰਾਉਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ, ਪਹਿਲਾਂ ਅਪਰਾਧੀਆਂ ਵਲੋਂ ਕਿਸੇ ਜੁਰਮ ਅਤੇ ਉਨ੍ਹਾਂ ਵਲੋਂ ਕੀਤੇ ਗਏ ਨੁਕਸਾਨ ਵਿਚ ਆਪਣੇ ਰੋਲ ਲਈ ਜ਼ਿੰਮੇਵਾਰੀ ਚੁੱਕਣਾ ਜ਼ਰੂਰੀ ਹੈ। ਪੀੜਿਤਾਂ ਲਈ ਵੀ ਮਰਜ਼ੀ ਨਾਲ ਹਿੱਸਾ ਲੈਣ ਦੀ ਚੋਣ ਕਰਨਾ ਜ਼ਰੂਰੀ ਹੈ। ਇਸ ਪਹੁੰਚ ਵਿਚ, ਜੁਰਮ ਨੂੰ ਸਿਰਫ ਕਾਨੂੰਨ ਤੋੜਨਾ ਹੀ ਨਹੀਂ ਸਮਝਿਆ ਜਾਂਦਾ, ਸਗੋਂ ਲੋਕਾਂ ਅਤੇ ਸੰਬੰਧਾਂ ਦੀ ਉਲੰਘਣਾ ਅਤੇ ਕਮਿਉਨਟੀ ਵਿਚ ਸ਼ਾਂਤੀ ਨੂੰ ਭੰਗ ਕਰਨਾ ਵੀ ਸਮਝਿਆ ਜਾਂਦਾ ਹੈ।

### ਰਿਸਟੋਰੇਟਿਵ ਜਸਟਿਸ ਦਾ ਕਾਰਜ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ ਅਤੇ ਇਸ ਵਿਚ ਕੌਣ ਸ਼ਾਮਲ ਹੁੰਦਾ ਹੈ?

ਰਿਸਟੋਰੇਟਿਵ ਜਸਟਿਸ ਦੇ ਕਾਰਜ ਵਿਚ, ਕਿਸੇ ਜੁਰਮ ਤੋਂ ਪ੍ਰਭਾਵਿਤ ਹੋਏ ਹਰ ਇਕ ਵਿਅਕਤੀ ਨੂੰ ਜੁਰਮ ਦੇ ਦੁਆਲੇ ਦੇ ਹਲਾਤਾਂ ਬਾਰੇ ਗੱਲਬਾਤ ਕਰਨ ਲਈ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਅਕਸਰ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਪੀੜਿਤਾਂ ਅਤੇ ਉਨ੍ਹਾਂ ਦੇ ਹਿਮਾਇਤੀਆਂ, ਅਤੇ ਅਪਰਾਧੀਆਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਨੂੰ, ਇਕ ਢਾਂਚਾਗਤ ਗੱਲਬਾਤ ਦੌਰਾਨ ਰਿਸਟੋਰੇਟਿਵ ਜਸਟਿਸ ਫਾਸਿਲੀਟੇਟਰ (ਜਾਂ ਕੁਝ ਕੇਸਾਂ ਵਿਚ ਐਲਡਰ) ਵਲੋਂ ਸੇਧ ਦਿੱਤੀ ਜਾਂਦੀ ਹੈ। ਇਹ ਗੱਲਬਾਤ ਹਿੱਸਾ ਲੈਣ ਵਾਲਿਆਂ ਨੂੰ ਇਹ ਦੱਸਣ ਦੀ ਆਗਿਆ ਦਿੰਦੀ ਹੈ ਕਿ ਜੁਰਮ ਕਿਵੇਂ ਹੋਇਆ ਸੀ, ਉਨ੍ਹਾਂ ’ਤੇ ਇਸ ਦੇ ਕਿਵੇਂ ਅਸਰ ਪਏ ਸਨ, ਅਤੇ ਚੀਜ਼ਾਂ ਠੀਕ ਕਰਨ ਲਈ ਕੀ ਹੋਣ ਦੀ ਲੋੜ ਹੈ। ਕਿੰਨੇ ਲੋਕ ਸ਼ਾਮਲ ਹੋਣਗੇ, ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਜੁਰਮ ਦੀ ਕਿਸਮ ਕੀ ਸੀ ਅਤੇ ਹਿੱਸਾ ਲੈਣ ਵਾਲਿਆਂ ਦਾ ਸੌਖ ’ਚ ਰਹਿਣ ਦਾ ਪੱਧਰ ਕਿਹੜਾ ਹੈ।

### ਮੈਂ ਰਿਸਟੋਰੇਟਿਵ ਜਸਟਿਸ ਕਾਰਜ ਵਿਚ ਹਿੱਸਾ ਕਿਉਂ ਲੈਣਾ ਹੈ? ਅਦਾਲਤਾਂ ਬਾਰੇ ਕੀ ਵਿਚਾਰ ਹੈ?

ਕਈ ਕਾਰਨ ਹਨ ਜਿਨ੍ਹਾਂ ਕਰਕੇ ਕਿਸੇ ਜੁਰਮ ਦੇ ਅਨੁਭਵ ਵਾਲਾ ਕੋਈ ਵਿਅਕਤੀ ਰਿਸਟੋਰੇਟਿਵ ਜਸਟਿਸ ਦੇ ਕਾਰਜ ਵਿਚ ਹਿੱਸਾ ਲਵੇਗਾ। ਤੁਸੀਂ ਅਪਰਾਧੀ ਕੋਲੋਂ ਸਵਾਲ ਪੁੱਛਣੇ ਚਾਹੁੰਦੇ ਹੋ ਸਕਦੇ ਹੋ, ਜਾਂ ਇਹ ਚਾਹੁੰਦੇ ਹੋ ਸਕਦੇ ਹੋ ਕਿ ਅਪਰਾਧੀ ਇਹ ਸਮਝੇ ਕਿ ਉਸ ਦੇ ਐਕਸ਼ਨਾਂ ਦਾ ਤੁਹਾਡੇ ’ਤੇ, ਤੁਹਾਡੇ ਪਰਿਵਾਰ ਅਤੇ ਹੋਰਨਾਂ ’ਤੇ ਕਿਵੇਂ ਅਸਰ ਪਿਆ ਹੈ। ਤੁਸੀਂ ਅਪਰਾਧੀ ਤੋਂ ਸਿੱਧਾ ਵਾਪਸੀ ਜਾਂ ਮੁਆਵਜ਼ਾ ਚਾਹੁੰਦੇ ਹੋ ਸਕਦੇ ਹੋ। ਜਾਂ ਤੁਸੀਂ ਇਹ ਮਹਿਸੂਸ ਕਰ ਸਕਦੇ ਹੋ ਕਿ ਅਪਰਾਧੀ ਨਾਲ ਸਿੱਧੀ ਗੱਲਬਾਤ ਤੁਹਾਨੂੰ ਇਹ ਅਧਿਆਏ ਬੰਦ ਕਰਨ ਅਤੇ ਜੁਰਮ ਦੇ ਅਸਰਾਂ ਤੋਂ ਅਗਾਂਹ ਵਧਣ ਦੇਵੇਗੀ। ਹੋ ਸਕਦਾ ਇਸ ਕਿਸਮ ਦੀ ਗੱਲਬਾਤ ਅਦਾਲਤ ਦੀ ਕਾਰਵਾਈ ਵਿਚ ਉਪਲਬਧ ਨਾ ਹੋਵੇ।

ਕੁਝ ਪੀੜਿਤ ਇਹ ਮਹਿਸੂਸ ਕਰ ਸਕਦੇ ਹਨ ਕਿ ਇਹ ਪੱਕਾ ਕਰਨ ਲਈ ਕਿ ਅਪਰਾਧੀ ਨੁਕਸਾਨਦੇਹ ਵਤੀਰੇ ਨੂੰ ਫਿਰ ਨਾ ਦੁਹਰਾਏ, ਰਿਸਟੋਰੇਟਿਵ ਜਸਟਿਸ ਪਹੁੰਚ ਅਦਾਲਤੀ ਸਿਸਟਮ ਨਾਲੋਂ ਜ਼ਿਆਦਾ ਅਸਰਦਾਰ ਹੈ। ਕੁਝ ਹੋਰ ਇਹ ਤਰਜੀਹ ਦੇ ਸਕਦੇ ਹਨ ਕਿ ਅਦਾਲਤ ਮਸਲੇ ਨਾਲ ਸਿੱਝੇ ਅਤੇ ਉਹ ਰਿਸਟੋਰੇਟਿਵ ਜਸਟਿਸ ਕਾਰਜ ਵਿਚ ਕੋਈ ਵੀ ਸ਼ਮੂਲੀਅਤ ਨਹੀਂ ਚਾਹੁੰਦੇ ਹੋ ਸਕਦੇ। ਰਿਸਟੋਰੇਟਿਵ ਜਸਟਿਸ ਕਾਰਜ ਵਿਚ ਹਿੱਸਾ ਲੈਣ ਜਾਂ ਹਿੱਸਾ ਨਾ ਲੈਣ ਦਾ ਫੈਸਲਾ ਦੋਨੋਂ ਵਾਜਬ ਚੋਣਾਂ ਹਨ।

### ਲੋਕ ਰਿਸਟੋਰੇਟਿਵ ਜਸਟਿਸ ਬਾਰੇ ਕੀ ਕਹਿੰਦੇ ਹਨ?

ਰਿਸਟੋਰੇਟਿਵ ਜਸਟਿਸ ਦੇ ਕਾਰਜ ਵਿਚ ਹਿੱਸਾ ਲੈਣ ਵਾਲੇ ਬਹੁਤੇ ਪੀੜਿਤ ਅਨੁਭਵ ਅਤੇ ਨਤੀਜਿਆਂ ਤੋਂ ਬਹੁਤ ਸੰਤੁਸ਼ਟ ਹੁੰਦੇ ਹਨ। ਹਿੱਸਾ ਲੈਣ ਵਾਲੇ ਦੱਸਦੇ ਹਨ ਕਿ ਫਾਇਦਿਆਂ ਵਿਚ ਸ਼ਾਮਲ ਹਨ, ਸੁਣੇ ਗਏ ਅਤੇ ਮੰਨੇ ਗਏ ਮਹਿਸੂਸ ਕਰਨਾ, ਆਪਣੇ ਸਵਾਲਾਂ ਦੇ ਜਵਾਬ ਮਿਲਣਾ, ਸੇਫਟੀ ਦੀ ਭਾਵਨਾ

BRITISH COLUMBIA
Ministry of Justice



ਵਿਚ ਵਾਧਾ ਹੋਣਾ, ਅਤੇ, ਕੁਝ ਕੇਸਾਂ ਵਿਚ, ਮਾਇਕ ਮੁਆਵਜ਼ਾ ਮਿਲਣਾ। ਇਸ ਤੋਂ ਇਲਾਵਾ, ਪੀੜਿਤ ਅਕਸਰ ਅਪਰਾਧੀ ਦੀ ਸਹਿਮਤੀ ਦੇ ਨਤੀਜੇ ਵਿਚ ਯੋਗਦਾਨ ਪਾਉਣ ਦੇ ਮੌਕੇ ਦੀ ਸਰਾਹਨਾ ਕਰਦੇ ਹਨ।

ਕਦੇ ਕਦੇ ਹਿੱਸਾ ਲੈਣ ਵਾਲੇ ਅਪਰਾਧੀ ਦੇ ਪਛਤਾਵੇ ਦੇ ਪੱਧਰ ਬਾਰੇ ਅਸੰਤੁਸ਼ਟੀ ਵੀ ਜ਼ਾਹਰ ਕਰਦੇ ਹਨ, ਇਹ ਯਕੀਨ ਨਹੀਂ ਕਰਦੇ ਕਿ ਅਪਰਾਧੀ ਸੱਚ ਦੱਸ ਰਿਹਾ ਹੈ, ਅਤੇ ਅਪਰਾਧੀ 'ਤੇ ਕਰਿਮੀਨਲ ਜਸਟਿਸ ਸਿਸਟਮ ਵਿਚ ਮੁਕੱਦਮੇ ਚੱਲਦਾ ਦੇਖਣ ਦੇ ਮੌਕੇ ਤੋਂ ਵਾਂਝਾ ਹੋਣ ਬਾਰੇ ਫਿਕਰ ਕਰਦੇ ਹਨ। ਆਪਣੇ ਫਿਕਰਾਂ ਬਾਰੇ ਵਿਚਾਰ ਕਰਨ ਲਈ ਅਤੇ ਆਪਣੀਆਂ ਚੋਣਾਂ 'ਤੇ ਵਿਚਾਰ ਕਰਨ ਵਿਚ ਮਦਦ ਲਈ ਤੁਸੀਂ ਰਿਸਟੋਰੇਟਿਵ ਜਸਟਿਸ ਫਾਸਿਲੀਟੇਟਰ ਨਾਲ ਗੱਲ ਕਰ ਸਕਦੇ ਹੋ।

## ਅਪਰਾਧੀ ਨੂੰ ਫਾਇਦਾ ਕਿਵੇਂ ਹੁੰਦਾ ਹੈ ਅਤੇ ਉਹ ਹਿੱਸਾ ਕਿਉਂ ਲੈਣਾ ਚਾਹੇਗਾ?

ਅਪਰਾਧੀਆਂ ਨੂੰ ਆਪਣਾ ਦ੍ਰਿਸ਼ਟੀਕੋਣ ਜ਼ਾਹਰ ਕਰਨ ਅਤੇ ਪੀੜਿਤ ਅਤੇ ਕਮਿਊਨਟੀ ਪ੍ਰਤੀ ਇਨ੍ਹਾਂ ਤਰੀਕਿਆਂ ਨਾਲ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਦਾ ਮੌਕਾ ਮਿਲਦਾ ਹੈ ਜਿਹੜੇ ਅਕਸਰ ਕਰਿਮੀਨਲ ਜਸਟਿਸ ਦੇ ਕਾਰਜ ਨਾਲੋਂ ਜ਼ਿਆਦਾ ਅਰਥਭਰਪੂਰ ਹੁੰਦੇ ਹਨ। ਰਿਸਟੋਰੇਟਿਵ ਜਸਟਿਸ ਦੇ ਕਾਰਜ ਵਿਚ ਹਿੱਸਾ ਲੈ ਕੇ ਕੋਈ ਅਪਰਾਧੀ ਮੁਜਰਮਾਨਾ ਰਿਕਾਰਡ ਜਾਂ ਅਦਾਲਤ ਦੀ ਕਾਰਵਾਈ ਤੋਂ ਬਚਣ ਦੇ ਯੋਗ ਹੋ ਸਕਦਾ ਹੈ ਜਾਂ ਨਹੀਂ ਹੋ ਸਕਦਾ ਹੈ ਜੋ ਕਿ ਰੈਫਰਲ ਦੇ ਸ੍ਰੋਤ 'ਤੇ ਨਿਰਭਰ ਕਰਦਾ ਹੈ।

## ਕਿਨ੍ਹਾਂ ਕਿਸਮਾਂ ਦੇ ਜੁਰਮਾਂ ਲਈ ਰਿਸਟੋਰੇਟਿਵ ਜਸਟਿਸ ਦੀ ਵਰਤੋਂ ਕੀਤੀ ਜਾਂਦੀ ਹੈ?

ਬੀ.ਸੀ. ਵਿਚ ਰਿਸਟੋਰੇਟਿਵ ਜਸਟਿਸ ਘੱਟ ਗੰਭੀਰ ਜੁਰਮਾਂ ਲਈ ਆਮ ਤੌਰ 'ਤੇ ਜ਼ਿਆਦਾ ਵਰਤਿਆ ਜਾਂਦਾ ਹੈ ਜਿਵੇਂ ਕਿ ਛੇੜਖਾਨੀ, ਹਮਲਾ ਅਤੇ ਚੋਰੀ। ਪਰ, ਰਿਸਟੋਰੇਟਿਵ ਜਸਟਿਸ ਦਾ ਕਾਰਜ ਸੰਭਵ ਤੌਰ 'ਤੇ ਕਿਸੇ ਵੀ ਅਜਿਹੇ ਜੁਰਮ ਲਈ ਵਰਤਿਆ ਜਾ ਸਕਦਾ ਹੈ ਜਿੱਥੇ ਨੁਕਸਾਨ ਹੋਇਆ ਹੁੰਦਾ ਹੈ, ਅਤੇ ਪੀੜਿਤ ਉਸ ਦੀ ਗੱਲ ਸੁਣੇ ਜਾਣ ਦਾ ਮੌਕਾ ਚਾਹੁੰਦਾ ਹੈ, ਸਵਾਲਾਂ ਦੇ ਜਵਾਬ ਚਾਹੁੰਦਾ ਹੈ ਜਾਂ ਮੁਆਵਜ਼ਾ ਚਾਹੁੰਦਾ ਹੈ।

## ਮੈਂ ਕੀ ਉਮੀਦ ਰੱਖ ਸਕਦਾ/ਸਕਦੀ ਹਾਂ?

ਰਿਸਟੋਰੇਟਿਵ ਜਸਟਿਸ ਫਾਸਿਲੀਟੇਟਰ ਕਾਰਜ ਬਾਰੇ ਦੱਸ ਸਕਦਾ ਹੈ ਅਤੇ ਹਿੱਸਾ ਲੈਣ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ। ਤੁਸੀਂ ਕਿਸੇ ਵਿਕਟਿਮ ਸਰਵਿਸ ਵਰਕਰ ਦੀ ਮਦਦ ਵੀ ਲੈ ਸਕਦੇ ਹੋ।

## ਜ਼ਿਆਦਾ ਜਾਣਕਾਰੀ ਕਿੱਥੋਂ ਮਿਲਦੀ ਹੈ?

### ਵਿਕਟਿਮ ਸਰਵਿਸਿਜ਼ ਐਂਡ ਕਰਾਇਮ ਪ੍ਰੀਵੈਨਸ਼ਨ

- ਫੋਨ: 604 660-5199
- ਈਮੇਲ: victimservices@gov.bc.ca
- www.pssg.gov.bc.ca/crimeprevention/justice

ਰਿਸਟੋਰੇਟਿਵ ਜਸਟਿਸ ਹਰ ਇਲਾਕੇ ਵਿਚ ਨਹੀਂ ਹੈ। ਕਿਰਪਾ ਕਰਕੇ ਉਪਰਲੇ ਨੰਬਰ 'ਤੇ ਸੰਪਰਕ ਕਰੋ ਅਤੇ ਇਹ ਪਤਾ ਲਾਉਣ ਲਈ ਰਿਸਟੋਰੇਟਿਵ ਜਸਟਿਸ ਕੋਆਰਡੀਨੇਟਰ ਨਾਲ ਗੱਲ ਕਰੋ ਕਿ ਕੀ ਕੋਈ ਏਜੰਸੀ ਤੁਹਾਡੇ ਨੇੜੇ ਇਹ ਸਰਵਿਸ ਦੇ ਰਹੀ ਹੈ।

### ਵਿਕਟਿਮਲਿੰਕ ਬੀ ਸੀ

- ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।
- ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ (ਬੀ.ਸੀ. ਅਤੇ ਯੂਕੋਨ ਵਿਚ ਮੁਫਤ)। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ।
- 604-836-6381 'ਤੇ ਟੈਕਸਟ ਕਰੋ। ਈਮੇਲ: VictimLinkBC@bc211.ca
- www.victimlinkbc.ca

**ਕਿਰਪਾ ਕਰਕੇ ਨੋਟ ਕਰੋ:** *ਇਹ ਲਿਖਤ ਸਿਰਫ ਆਮ ਜਾਣਕਾਰੀ ਦਿੰਦੀ ਹੈ। ਇਸ ਦਾ ਮਕਸਦ ਕੋਈ ਕਾਨੂੰਨੀ ਸਲਾਹ ਦੇਣਾ ਨਹੀਂ ਹੈ।*